# सोने देया मंदरा च रैन वाली माँ

ਸੋਨੇ ਦਿਆਂ ਮੰਦਿਰਾਂ 'ਚ ਰਹਿਣ ਵਾਲੀ ਮਾਂ
==============================
ਸੋਨੇ ਦਿਆਂ, ਮੰਦਿਰਾਂ 'ਚ, ਰਹਿਣ ਵਾਲੀ ਮਾਂ,
ਕੱਚਿਆਂ, ਘਰਾਂ ਨੂੰ, ਮਾਂਏਂ ਭੁੱਲ ਨਾ ਜਾਵੀਂ ॥
ਬੱਗੇ ਬੱਗੇ, ਸ਼ੇਰਾਂ ਉੱਤੇ, ਬਹਿਣ ਵਾਲੀ ,ਮਾਂ
ਕੁੱਲੀ ਏਹ, ਗਰੀਬਾਂ ਵਾਲੀ, ਭੁੱਲ ਨਾ ਜਾਵੀਂ ॥
ਸੋਨੇ ਦਿਆਂ, ਮੰਦਿਰਾਂ 'ਚ,,,,,,,,,,,,,,,,,,,,
ਜੈ ਜੈ, ਜੈ ਜੈ ਮਾਂ, ਜੈ ਜੈ, ਜੈ ਜੈ ਜੈ, x||
^
ਬੜੀਆਂ, ਉਮੀਦਾਂ ਤੇਰੇ, ਆਉਣ ਦੀਆਂ ਰੱਖੀਆਂ,
ਤੇਰੇ ਦਰੋਂ, ਆਉਣ ਵਾਲੀ, ""ਰਾਹਵਾਂ ਮਾਂਏਂ ਤੱਕੀਆਂ"" ॥
ਸਭਨਾਂ ਦੇ, ਘਰ ਫੇਰਾ, ਪਾਉਣ ਵਾਲੀ ਮਾਂ ॥,
ਮੇਰੇ ਵੱਲ, ਫੇਰਾ ਪਾਉਣਾ, ਭੁੱਲ ਨਾ ਜਾਵੀਂ,,,
ਸੋਨੇ ਦਿਆਂ, ਮੰਦਿਰਾਂ 'ਚ,,,,,,,,,,,,,,,,,,,, F
ਜੈ ਜੈ, ਜੈ ਜੈ ਮਾਂ, ਜੈ ਜੈ, ਜੈ ਜੈ ਜੈ, x||
^
ਨਿੱਕੇ ਜੇਹੇ, ਘਰ ਵਿੱਚ, ਮੰਦਿਰ ਬਣਾਇਆ ਏ,
ਰੀਝਾਂ ਲਾ ਲਾ, ਮਾਂਏਂ ਤੇਰਾ, ""ਆਸਣ ਸਜਾਇਆ ਏ"" ॥
ਉੱਚਿਆਂ, ਸਿੰਘਾਸਨ ਤੇ, ਬਹਿਣ ਵਾਲੀ ਮਾਂ ॥,
ਆਸਣ, ਗਰੀਬਾਂ ਵਾਲਾ, ਭੁੱਲ ਨਾ ਜਾਵੀਂ,,,
ਸੋਨੇ ਦਿਆਂ, ਮੰਦਿਰਾਂ 'ਚ,,,,,,,,,,,,,,,,,,,, F
ਜੈ ਜੈ, ਜੈ ਜੈ ਮਾਂ, ਜੈ ਜੈ, ਜੈ ਜੈ ਜੈ, x||
^
ਬੱਚਿਆਂ ਨੂੰ, ਮਾਣ ਤੇਰਾ, ਮਾਣ ਕਦੇ ਤੋੜੀ ਨਾ,
ਆਪਣੇ ਮਾਂ, ਲਾਲ ਕੋਲੋਂ, ""ਮੁਖ਼ ਕਦੇ ਮੋੜੀ ਨਾ"" ॥
ਰੌਂਦੇ ਹੋਏ, ਚੇਹਰੇ ਨੂੰ, ਹਸਾਉਣ ਵਾਲੀ ਮਾਂ ॥,
ਹੱਸਣਾ, ਹਸਾਉਣਾ ਮੈਨੂੰ, ਭੁੱਲ ਨਾ ਜਾਵੀਂ,,,
ਸੋਨੇ ਦਿਆਂ, ਮੰਦਿਰਾਂ 'ਚ,,,,,,,,,,,,,,,,,,,, F
ਜੈ ਜੈ, ਜੈ ਜੈ ਮਾਂ, ਜੈ ਜੈ, ਜੈ ਜੈ ਜੈ, x||
^
ਹਰ ਵਾਰ, ਮੈਂ ਹੀ ਆਉਂਦਾ, ਤੂੰ ਵੀ ਕਦੇ ਆਵੀਂ ਮਾਂ,
ਘਰ ਮੇਰੇ, ਆ ਕੇ ਮਾਂਏਂ, ""ਸੀਨੇ ਠੰਡ ਪਾਵੀਂ ਮਾਂ"" ॥
ਭਗਤਾਂ ਨੂੰ, ਗਲ਼ ਨਾਲ, ਲਾਉਣ ਵਾਲੀ ਮਾਂ ॥,
ਮੈਨੂੰ ਵੀ ਤੂੰ, ਗਲ਼ ਲਾਉਣਾ, ਭੁੱਲ ਨਾ ਜਾਵੀਂ,,,
ਸੋਨੇ ਦਿਆਂ, ਮੰਦਿਰਾਂ 'ਚ,,,,,,,,,,,,,,,,,,,, F
ਜੈ ਜੈ, ਜੈ ਜੈ ਮਾਂ, ਜੈ ਜੈ, ਜੈ ਜੈ ਜੈ, x||
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33447/title/sone-deyan-mandra-ch-rehan-wali-maa

अपने Android मोबाइल पर BhajanGanga App डाउनलोड करें और भजनों का आनंद ले |